ੴ

ਜੁਗੋ ਜੁਗ ਅਟੱਲ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ

## ਗੁਰੂ ਕਾ ਨਿਵਾਸ ਸ਼ਬਦ ਵਿਚ ਹੈ

ਡਾ: ਤੀਰਥ ਸਿੰਘ ਖਾਲਸਾ, ਹੁਸ਼ਿਆਰਪੁਰ

# ਮੁਢਲੀ ਬੇਨਤੀ

## ਪਰਮ ਸਤਿਕਾਰਯੋਗ ਸਤਿਗੁਰੂ ਦੀ ਸਾਜੀ ਨਿਵਾਜੀ ਸਾਧ ਸੰਗਤ ਜੀਓ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹ ॥

ਇਹ ਧਰਤੀ ਧਰਮ ਕਮਾਉਣ ਲਈ ਅਕਾਲ ਪੁਰਖ ਵਲੋਂ ਸਿਰਜੀ ਗਈ ਅਨੂਠੀ ਧਰਮਸਾਲ ਹੈ। ਮਨੁਖ ਇਸ ਧਰਤੀ ਤੇ ਵਸਦੀ ਸਾਰੀ ਕਾਇਨਾਤ ਦਾ ਸਰਦਾਰ ਹੈ। ਇਸ ਸਰਦਾਰ-ਪ੍ਰਾਹੁਣੇ ਦੀ ਪ੍ਰਾਹੁਣ-ਚਾਰੀ ਲਈ ਅਕਾਲ ਪੁਰਖ ਨੇ ਇਸ ਧਰਤੀ ਉਤੇ ਅਮੁਲੇ ਪਦਾਰਥ ਤੇ ਸੁਖ ਅਰਾਮ ਦੇ ਸਾਰੇ ਸਾਧਨ ਪੈਦਾ ਕੀਤੇ ਹੋਏ ਹਨ। ਖਾਣ ਨੂੰ ਛੱਤੀ ਪ੍ਰਕਾਰ ਦੇ ਭੋਜਨ ਹਨ ਅਤੇ ਇਸ ਕਾਰਖਾਨੇ ਦੀ ਮਾਲਕ (ਮਾਇਆ) ਇਸ ਧਰਤੀ ਦੇ ਸਿਕਦਾਰ ਦੀ ਦਾਸੀ ਥਾਪ ਕੇ ਭੇਜੀ ਹੋਈ ਹੈ। ਇਹ ਵੱਖਰੀ ਗੱਲ ਹੈ ਕਿ ਮਨੁੱਖ ਆਪਣੇ ਅਸਲੇ ਦੀ ਪਛਾਣ ਤੋਂ ਵਿਰਵਾ, ਚਸਕਿਆਂ ਦੇ ਅਧੀਨ ਹੋਇਆ, ਆਪਣੀ ਦਾਸੀ ਦਾ ਹੀ ਦਾਸ ਬਣ ਕੇ ਆਪਣੀ ਮਿੱਟੀ ਪਲੀਤ ਕਰੀ ਜਾ ਰਿਹਾ ਹੈ।

ਜਿਥੋਂ ਤਕ ਮਾਲਕ ਪ੍ਰਭੂ ਦਾ ਸਬੰਧ ਹੈ, ਉਸ ਨੇ ਆਪਣੇ ਮਨੁਖ-ਪ੍ਰਾਹੁਣੇ ਲਈ ਕੋਈ ਵਸਤੂ ਲੁਕਾ ਕੇ ਨਹੀਂ ਰੱਖੀ। ਸਭ ਤੋਂ ਅਮੋਲਕ ਪਦਾਰਥ ਜੋ ਮਨੁੱਖ ਨੂੰ ਪ੍ਰਮੇਸ਼ਰ ਤੋਂ ਪ੍ਰਾਪਤ ਹੋਇਆ ਹੈ, ਉਹ ਹੈ 'ਗੁਰਬਾਣੀ'। ਗੁਰਬਾਣੀ ਆਤਮਿਕ ਭੋਜਨ ਹੈ, ਜਿਸ ਵਿਚ ਮਨੁਖ ਦੇ ਰਜੇਵੇਂ ਦਾ ਭੇਤ ਲੁਕਿਆ ਹੋਇਆ ਹੈ, ਜਿਨ੍ਹਾਂ ਵਡਭਾਗੇ ਮਨੁਖਾਂ ਨੇ ਇਸ ਚੋਵੀ ਖ਼ੁਰਾਕ ਦਾ ਸੇਵਨ ਕੀਤਾ ਹੈ ਉਨ੍ਹਾਂ ਦੀਆਂ ਸਾਰੀਆਂ ਭੁਖਾਂ

ਮਿਟ ਗਈਆਂ ਹਨ ਅਤੇ ਉਹ ਪੂਰਨ ਤੌਰ ਤੇ ਤ੍ਰਿਪਤ ਹੋ ਗਏ ਹਨ। ਸ਼ਾਹਿ ਸ਼ਾਹਿਨਸ਼ਾਹ ਦਸਵੇਂ ਪਾਤਿਸ਼ਾਹ ਦੋ ਜਹਾਨ ਦੇ ਵਾਲੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ (ਗੁਰਬਾਣੀ—ਸ਼ਬਦ-ਗੁਰੂ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਸਿੰਘਾਸਨ ਉਤੇ ਸੁਭਾਇਮਾਨ ਕੀਤਾ ਅਤੇ ਜੁਗੋ ਜੁਗ ਅਟੱਲ ਸਤਿਗੁਰੂ ਥਾਪ ਕੇ ਸਾਰੇ ਸਿੱਖ ਜਗਤ ਨੂੰ "ਆਤਮਾ ਗ੍ਰੰਥ ਵਿਚ ਤੇ ਸਰੀਰ ਪੰਥ ਵਿਚ" ਪਰਵੇਸ਼ ਹੋ ਜਾਣ ਦਾ ਯਕੀਨ ਕਰਾਇਆ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਜੋ ਧਰਮਸਾਲਾਂ ਸਥਾਪਤ ਹੋਈਆਂ ਸਨ, ਉਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪ੍ਰਕਾਸ਼ ਹੋਣ ਲਗ ਪਏ ਤੇ ਉਹ ਅਸਥਾਨ 'ਗੁਰਦਵਾਰਾ ਸਾਹਿਬ' ਦੇ ਨਾਮ ਨਾਲ ਪ੍ਰਸਿਧ ਹੋਏ ਅਤੇ ਹੋਰ ਵੀ ਥਾਉਂ ਥਾਈਂ ਗੁਰਸਿੱਖਾਂ, ਗੁਰੂ ਪ੍ਰੇਮੀਆਂ ਨੇ ਗੁਰਬਾਣੀ-ਵੀਚਾਰ, ਗੁਰੂ ਦਰਸ਼ਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਸਥਾਪਨ ਕਰ ਕੇ ਪ੍ਰਕਾਸ਼-ਸਥਾਨ (ਗੁਰਦੁਆਰੇ) ਕਾਇਮ ਕੀਤੇ। ਅਨੇਕਾਂ ਗੁਰੂ ਪਿਆਰਿਆਂ ਨੇ ਘਰਾਂ ਵਿਚ ਵੀ ਵਖ ਕਮਰਿਆਂ ਅੰਦਰ ਪ੍ਰਕਾਸ਼-ਸਥਾਨ ਬਣਾਏ ਹੋਏ ਹਨ।

ਕਲਜੁਗ ਦੇ ਤਾਰਨਹਾਰ, ਗੁਰ-ਗੱਦੀ ਉਤੇ ਬਿਰਾਜਮਾਨ, ਜ਼ਾਹਰਾ ਜ਼ਹੂਰ ਸਤਿਗੁਰੂ ਸਰਬ ਕਲਾ ਭਰਪੂਰ, ਸਰਬ ਗੁਣਾਂ ਦੇ ਦਾਤੇ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਦੀ ਮਹਿਮਾ ਅਪਰ ਅਪਾਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਆਤਮਿਕ ਖਜ਼ਾਨਾ ਹੈ। ਸੱਚ ਦੀ ਖੋਜ, ਸਚਿਆਰ ਪਦ ਦੀ ਪ੍ਰਾਪਤੀ ਦਾ ਰਾਹ ਹੈ। ਗੁਰੂ ਸ਼ਬਦ ਮਨ ਨੂੰ ਥੰਮਣ ਵਾਲਾ ਤੇ ਆਤਮਕ ਬਲ ਦੇਣ ਵਾਲਾ ਹੈ। ਇਹ ਖਜ਼ਾਨਾ ਕਦੀ ਘਟਦਾ ਨਹੀਂ ਹੈ, ਗੁਰੂ ਦੇ ਬਚਨ ਵਡਮੁਲੇ ਹੀਰੇ ਜਵਾਹਰਾਤ ਹਨ। ਐਸੇ ਮਹਾਨ 'ਸਤਿਗੁਰੂ' ਜੀ ਦੇ ਜਿਸ ਸਿੱਖ ਨੇ ਵੀ ਦਰਸ਼ਨ ਪਰਸੇ ਹਨ, ਉਸ ਦਾ ਜਨਮ ਸਫਲ ਹੋਇਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਜਿਤਨਾ ਅਦਬ ਸਤਿਕਾਰ ਕੀਤਾ ਜਾਵੇ ਥੋੜਾ ਹੈ, ਤੇ ਇਸ ਅਦਬ ਸਤਿਕਾਰ ਨੂੰ ਕਾਇਮ

ਰਖਣ ਲਈ ਗ੍ਰੰਥੀ ਸਿੰਘ ਹੀ ਸੰਗਤਾਂ ਨੂੰ ਪੂਰੀ ਪ੍ਰੇਰਨਾ ਦੇ ਸਕਦੇ ਹਨ।

ਗੁਰਦਵਾਰੇ ਸਿੱਖਾਂ ਲਈ ਧਾਰਮਕ ਜੀਵਨ ਦੇ ਉਹ ਸੋਮੇ ਹਨ ਜਿਨ੍ਹਾਂ ਤੋਂ ਗੁਰਸਿੱਖਾਂ ਨੇ ਤੇ ਪ੍ਰਾਣੀ ਮਾਤ੍ਰ ਨੇ ਆਪਣੀ ਆਤਮਿਕ ਪਿਆਸ ਬੁਝਾਣੀ ਹੈ ਅਤੇ ਮਨ ਦੀ ਸ਼ਾਂਤੀ ਪ੍ਰਾਪਤ ਕਰਨੀ ਹੈ। ਜੇ ਗੁਰਦੁਆਰਿਆਂ ਦੇ ਗ੍ਰੰਥੀ ਸਾਹਿਬਾਨ ਆਪਣੇ ਪਵਿੱਤਰ ਫਰਜ਼ਾਂ ਨੂੰ ਠੀਕ ਢੰਗ ਨਾਲ ਨਿਭਾਉਣ ਅਤੇ ਆਪਣੇ ਅਮਲੀ ਜੀਵਨ ਦੁਆਰਾ ਗੁਰਮਤਿ ਦਾ ਸਹੀ ਪ੍ਰਚਾਰ ਕਰਨ ਤਾਂ ਕੁਝ ਹੀ ਸਾਲਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੂਹਾਨੀ ਪ੍ਰਕਾਸ਼ ਅਤੇ ਗੁਰਬਾਣੀ ਦਾ ਚਾਨਣ ਸਾਰੀ ਦੁਨੀਆ ਵਿਚ ਫੈਲ ਸਕਦਾ ਹੈ। ਸਾਰੇ ਸੰਸਾਰ ਦੇ ਮਨੁਖ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਨੂੰ ਸਹੀ ਸੇਧ ਦੇ ਸਕਦੇ ਹਨ ਅਤੇ ਸੰਸਾਰ ਵਿਚ ਇਕ ਆਦਰਸ਼ਕ ਸਮਾਜ ਦੀ ਸਥਾਪਨਾ ਹੋ ਸਕਦੀ ਹੈ।

ਗ੍ਰੰਥੀ ਸਿੰਘਾਂ ਨੂੰ ਸਮਦ੍ਰਿਸ਼ਟੀ ਰਖਣੀ ਚਾਹੀਦੀ ਹੈ। ਪਖਪਾਤ ਤੋਂ ਉਚੇ ਉਠ ਕੇ ਸਭ ਨਾਲ ਸਮਾਨਤਾ ਦਾ ਵਰਤਾਉ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਰਹਿਣੀ ਬਹਿਣੀ, ਕਹਿਣੀ ਸਹਿਣੀ, ਆਦਿਕ ਤੋਂ ਇਹ ਪਰਤੀਤ ਹੋਵੇ ਕਿ ਗੁਰਬਾਣੀ ਉਨ੍ਹਾਂ ਦੇ ਰੋਮ ਰੋਮ ਵਿਚ ਵਸੀ ਹੋਈ ਹੈ, ਉਨ੍ਹਾਂ ਦਾ ਆਚਰਣ ਗੁਰਬਾਣੀ ਦੇ ਸੱਚੇ ਵਿਚ ਢਲਿਆ ਹੋਇਆ ਹੈ। ਗ੍ਰੰਥੀ ਸਿੰਘਾਂ ਨੂੰ ਬਾਬਾ ਬੁਢਾ ਜੀ ਤੇ ਭਾਈ ਮਨੀ ਸਿੰਘ ਜੀ ਦੇ ਜੀਵਨ-ਰਾਹ ਤੇ ਚਲਣ ਦਾ ਉਦਮ ਕਰਨਾ ਚਾਹੀਦਾ ਹੈ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਵਜ਼ੀਰ ਹਨ। ਗ੍ਰੰਥੀ ਸਿੰਘ ਐਸੇ ਭੈ-ਭਾਵਨੀ ਵਾਲੇ ਨਿਧੜਕ ਗੁਰੂ ਕੇ ਲਾਲ ਹੋਣੇ ਚਾਹੀਦੇ ਹਨ ਜੋ ਲੋਕਾਂ ਨੂੰ ਬੁਰੇ ਕੰਮਾਂ ਤੋਂ ਬੇਖ਼ੌਫ ਹੋ ਕੇ ਮੋੜ ਸਕਣ ਤੇ ਸਹੀ ਢੰਗ ਨਾਲ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਸਮਾਜਕ ਬੁਰਾਈਆਂ ਵਿਰੁਧ ਜੂਝ ਸਕੰਣ।

ਸਿੱਖ ਧਰਮ ਨਵੀਨਤਮ ਧਰਮ ਹੋਣ ਕਰਕੇ ਆਪਣੇ ਅੰਦਰ ਧਰਮ ਦੇ ਬੜੇ ਉਚੇ ਤੇ ਉਤਮ ਗੁਣ ਰਖਦਾ ਹੈ ਅਤੇ ਇਸ ਪਾਸ ਗੁਰਬਾਣੀ, ਗੁਰ-ਇਤਿਹਾਸ, ਅਤੇ ਕੀਰਤਨ ਵਰਗੇ ਰੂਹਾਨੀਅਤ ਦੇ ਉਹ ਅਨਮੋਲ ਖ਼ਜ਼ਾਨੇ ਹਨ ਜਿਨ੍ਹਾਂ ਵਰਗੇ ਹੋਰ ਕਿਸੇ ਧਰਮ ਪਾਸ ਨਹੀਂ। ਇਸ ਦੀਆਂ

ਇਤਿਹਾਸਕ ਰਵਾਇਤਾਂ ਵੀ ਸਾਰੀ ਦੁਨੀਆ ਨਾਲੋਂ ਨਿਰਾਲੀਆਂ ਹਨ ਅਤੇ ਖਾਲਸੇ ਦਾ ਸਰੂਪ ਵੀ ਵਿਲੱਖਣ ਹੋਣ ਕਰਕੇ ਆਪਣੇ ਅੰਦਰ ਖਾਸ ਖਿਚ ਰਖਦਾ ਹੈ। ਪ੍ਰੰਤੂ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਵਿਸ਼ੇਸ਼ਤਾ ਦਰਸਾਉਣ ਲਈ ਐਸੇ ਸੂਝਵਾਨ ਤੇ ਗਿਆਨਵਾਨ ਪ੍ਰਚਾਰਕਾਂ, ਗ੍ਰੰਥੀਆਂ ਤੇ ਕੀਰਤਨੀਆਂ ਦੀ ਲੋੜ ਹੈ ਜਿਹੜੇ ਸਿੱਖੀ ਦੇ ਝੰਡੇ ਸਾਰੀ ਦੁਨੀਆ ਵਿਚ ਝੁਲਾਣ ਦੀ ਤੀਬਰ ਲਗਨ ਰਖਦੇ ਹੋਣ ਤੇ ਪ੍ਰਚਾਰ ਲਈ ਆਪਣਾ ਜੀਵਨ ਅਰਪਣ ਕਰਨ ਲਈ ਤਿਆਰ ਹੋਣ।

ਸਤਿਗੁਰੂ ਸੱਚੇ ਪਾਤਿਸ਼ਾਹ ਮੇਹਰ ਕਰਨ, ਕਈ ਗੁਰਦਵਾਰਾ ਅਸਥਾਨਾ ਤੇ ਘਰਾਂ ਵਿਚ, ਜਿਥੇ ਬਾਬਾ ਜੀ ਦਾ ਪ੍ਰਕਾਸ਼ ਹੁੰਦਾ ਹੈ, ਉਥੋਂ ਦੀ ਹਾਲਤ ਦੇਖ ਕੇ ਮਨ ਨੂੰ ਬੜਾ ਹੀ ਦੁਖ ਹੁੰਦਾ ਹੈ। ਕੁਝ ਸਮੇਂ ਤੋਂ ਦਾਸ ਦੇ ਮਨ ਵਿਚ (ਗੁਰੂ ਪਾਤਿਸ਼ਾਹ ਵਲੋਂ) ਇਹ ਪ੍ਰੇਰਨਾ ਹੋਈ ਕਿ ਜੁਗੋ ਜੁਗ ਅਟੱਲ, ਚੌਰ ਤਖ਼ਤ ਦੇ ਮਾਲਕ, ਹਲਤ ਪਲਤ ਦੇ ਰਾਖੇ, ਬਾਣੀ ਦੇ ਬੋਹਿਥ, ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪ੍ਰਕਾਸ਼ ਤੇ ਸੁਖ-ਆਸਨ ਸਬੰਧੀ ਜ਼ਰੂਰੀ ਬੇਨਤੀਆਂ ਨੂੰ ਇਕ ਟ੍ਰੈਕਟ ਦੇ ਰੂਪ ਵਿਚ ਛਪਵਾ ਕੇ ਗੁਰਸਿੱਖਾਂ ਦੀ ਸੇਵਾ ਵਿਚ ਭੇਟਾ ਕੀਤਾ ਜਾਵੇ, ਤਾਕਿ ਗੁਰੂ ਸਾਹਿਬ ਜੀ ਦੀ ਸਤਿਕਾਰ ਸਹਿਤ ਗੁਰਮਤਿ ਮਰਯਾਦਾ ਅਨੁਸਾਰ ਸੇਵਾ ਕੀਤੀ ਜਾ ਸਕੇ। ਜਿੰਨੀ ਵੀ ਅਸੀਂ ਸ਼ਰਧਾ ਤੇ ਪ੍ਰੇਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸੇਵਾ ਕਰਾਂਗੇ ਉਤਨੀ ਹੀ ਸਤਿਗੁਰੂ ਜੀ ਸਾਨੂੰ ਆਤਮਕ ਪ੍ਰੇਰਨਾ ਤੇ ਵਿਵੇਕ ਬਲ-ਬੁੱਧੀ ਬਖਸ਼ਿਸ਼ ਕਰਨਗੇ।

ਆਸ ਹੈ ਕਿ ਸਮੂਹ ਗੁਰ-ਅਸਥਾਨਾਂ ਦੇ ਗ੍ਰੰਥੀ ਸਿੰਘ ਸਾਹਿਬਾਨ ਤੇ ਗੁਰਮੁਖ ਪਿਆਰੇ, ਜਿਨ੍ਹਾਂ ਨੇ ਆਪਣੇ ਗ੍ਰਿਹਿ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਕੀਤਾ ਹੋਇਆ ਹੈ, ਇਸ ਟ੍ਰੈਕਟ ਤੋਂ ਲਾਭ ਉਠਾਣਗੇ। ਉਹ ਆਪ ਗੁਰਮਤਿ ਅਨੁਸਾਰ ਸਤਿਗੁਰ ਸਚੇ ਪਾਤਿਸ਼ਾਹ ਦੀ ਸੇਵਾ ਤੇ ਦੂਸਰਿਆਂ ਨੂੰ ਪ੍ਰੇਰਨਾ ਦੇ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹੋਏ ਆਪਣੇ ਜੀਵਨ ਸਫਲ ਕਰਨਗੇ।

ਅੰਤ ਵਿਚ ਦਾਸ ਉਨ੍ਹਾਂ ਸਮੂਹ ਗੁਰਮੁਖ ਪਿਆਰੇ ਵੀਰਾਂ ਦਾ

ਅਤਿ ਧਨਵਾਦੀ ਹੈ ਜਿਨ੍ਹਾਂ ਨੇ ਇਸ ਟ੍ਰੈਕਟ ਨੂੰ ਛਪਵਾਉਣ ਲਈ ਯੋਗ ਪ੍ਰੇਰਨਾ ਤੇ ਬਹੁਮੁਲੇ ਵਿਚਾਰਾਂ ਰਾਹੀਂ ਸਹਿਯੋਗ ਦਿਤਾ ਹੈ। ਸਰਬੱਤ ਸੰਗਤਾਂ ਦੇ ਚਰਨਾਂ ਵਿਚ ਦੋਇ ਕਰਿ ਜੋੜ, ਜੋਦੜੀ ਹੈ ਕਿ ਦਾਸ ਦਾ ਇਹ ਪਹਿਲਾ ਨਿਮਾਣਾ ਜਿਹਾ ਯਤਨ ਹੈ ਤੇ ਇਸ ਟ੍ਰੈਕਟ ਨੂੰ ਲਿਖਣ ਵਿਚ ਅਨੇਕਾਂ ਭੁੱਲਾਂ ਹੋ ਗਈਆਂ ਹੋਣਗੀਆਂ, ਇਸ ਕੀਟ ਨੂੰ ਆਪਣੇ ਪਵਿਤਰ ਚਰਨਾਂ ਦੀ ਧੂੜ ਸਮਝ ਕੇ ਖਿਮਾ ਕਰਨ ਦੀ ਕਿਰਪਾਲਤਾ ਕਰਨੀ ਜੀ।

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ ॥

ਦਾਸਨ ਦਾਸਰਾ :

11-5-1979

ਤੀਰਥ ਸਿੰਘ ਖ਼ਾਲਸਾ R.M.P.
ਸੇਵਾਦਾਰ
ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਹੁਸ਼ਿਆਰਪੁਰ
ਅਖੰਡ ਕੀਰਤਨੀ ਜੱਥਾ ਹੁਸ਼ਿਆਰਪੁਰ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼, ਦਰਸ਼ਨ ਤੇ ਸੁਖ-ਆਸਨ ਸਬੰਧੀ ਜ਼ਰੂਰੀ ਬੇਨਤੀਆਂ

(੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪ੍ਰਕਾਸ਼ ਲਈ ਉਚੇ ਤੋਂ ਉਚਾ ਤੇ ਸੁੰਦਰ ਤੋਂ ਸੁੰਦਰ ਅਸਥਾਨ ਹੋਣਾ ਚਾਹੀਦਾ ਹੈ।

(੨) ਗੁਰਦਵਾਰਿਆਂ ਤੋਂ ਇਲਾਵਾ ਘਰਾਂ ਵਿਚ ਅਤੇ ਬਾਹਰ ਖੁਲ੍ਹੇ ਪੰਡਾਲਾਂ ਵਿਚ ਵੀ, ਜਿੱਥੇ ਗੁਰਮਤਿ ਸਮਾਗਮ ਦੀਵਾਨ ਹੋਣ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਜ਼ਰੂਰੀ ਹੈ। ਪਰ ਗੁਰੂ ਮਹਾਰਾਜ ਦੇ ਅਦਬ ਸਤਿਕਾਰ ਨੂੰ ਮੁਖ ਰੁਖਦੇ ਹੋਏ ਇਹ ਗੱਲ ਖ਼ਾਸ ਧਿਆਨ ਰਖਣ ਯੋਗ ਹੈ ਕਿ ਉਹ ਅਸਥਾਨ ਬਾਬਾ ਜੀ ਦੀ ਸ਼ਾਨ ਦੇ ਅਨੁਕੂਲ ਹੋਵੇ ਤੇ ਜੇਕਰ ਉਥੇ ਗੁਲਾਬ, ਕਿਉੜਾ ਆਦਿ ਸੁਗੰਧੀਆਂ ਦਾ ਛਿੜਕਾਉ ਕੀਤਾ ਜਾਵੇ ਤਾਂ ਚੰਗੀ ਗੱਲ ਹੈ। ਬਜ਼ਾਰਾਂ ਵਿਚ, ਗੰਦੇ ਪਲਾਟਾਂ ਵਿਚ ਤੇ ਕੁਹਝੀਆਂ ਥਾਵਾਂ ਤੇ ਪ੍ਰਕਾਸ਼ ਕਰਨਾ ਯੋਗ ਨਹੀਂ ਹੈ।

(੩) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਘਰਾਂ ਵਿਚ ਕੀਤਾ ਜਾਣਾ ਚੰਗਾ ਹੈ, ਪਰ ਆਮ ਵੇਖਣ ਵਿਚ ਆਉਂਦਾ ਹੈ ਕਿ ਘਰਾਂ ਵਿਚ ਗੁਰੂ ਬਾਬਾ ਜੀ ਵਾਸਤੇ ਚੁਣੀ ਗਈ ਥਾਂ ਅਤਿ ਛੋਟੀ ਹੁੰਦੀ ਹੈ। ਕਈ ਥਾਈਂ ਇਕੋ ਕਮਰੇ ਵਿਚ ਪਰਦਾ ਲਾ ਕੇ ਪ੍ਰਕਾਸ਼ ਕਰ ਲਿਆ ਜਾਂਦਾ ਹੈ ਤੇ ਕਈ ਘਰਾਂ ਵਿਚ ਬਿਸਤਰਿਆਂ ਵਾਲੇ ਵਡੇ ਸੰਦੂਕ ਉਤੇ ਹੀ ਪਲੰਘ ਰਖ ਕੇ ਪ੍ਰਕਾਸ਼ ਕੀਤਾ ਜਾਂਦਾ ਹੈ। ਗੁਰੂ ਮਹਾਰਾਜ ਦੇ ਸਤਿਕਾਰ ਨੂੰ ਮੁਖ ਰਖਦੇ ਹੋਏ ਇਹ ਅਯੋਗ ਹੈ। ਜਿਹੜੇ ਵੀਰ ਬਾਬਾ ਜੀ ਦਾ ਪ੍ਰਕਾਸ਼ ਘਰ ਵਿਚ ਕਰਨ ਦਾ ਚਾਉ ਰਖਦੇ ਹੋਣ, ਉਨ੍ਹਾਂ ਲਈ ਜ਼ਰੂਰੀ ਹੈ ਕਿ ਗੁਰੂ ਮਹਾਰਾਜ ਲਈ ਚੰਗੇ ਤੋਂ ਚੰਗਾ ਤੇ ਸੁੰਦਰ ਖੁਲ੍ਹਾ ਕਮਰਾ ਨੀਯਤ ਕਰਨ।

ਘਰ ਵਿਚ ਬਾਬਾ ਜੀ ਦਾ ਪ੍ਰਕਾਸ਼ ਹੁੰਦਿਆਂ ਹੋਇਆਂ ਵੀ ਸਤਿਸੰਗਤ ਵਿਚ ਜਾਣਾ ਅਤਿ ਜ਼ਰੂਰੀ ਹੈ।

ਸਾਧ ਸੰਗਤਿ ਅਸਥਾਨ ਜਗਮਗ ਨੂਰ ਹੈ ॥
ਲਖ ਲਖ ਸਸੀਅਰ ਭਾਨ ਕਿਰਨ ਠਰੂਰ ਹੈ ॥

(ਭਾਈ ਗੁਰਦਾਸ, ਵਾਰ, ੩-੧੦)

(੪) ਗੁਰੂ ਮਹਾਰਾਜ ਦੇ ਪ੍ਰਕਾਸ਼ ਵਾਲੇ ਕਮਰੇ ਵਿਚ ਨਿਜੀ ਰਿਹਾਇਸ਼ ਹੋਣੀ ਯੋਗ ਨਹੀਂ। ਇਸੇ ਤਰ੍ਹਾਂ ਉਥੇ ਘਰੇਲੂ ਜਾਂ ਹੋਰ ਫ਼ਾਲਤੂ ਸਾਮਾਨ ਰਖਣਾ ਚੰਗਾ ਨਹੀਂ ਲੱਗਦਾ।

(੫) ਜਿਥੋਂ ਤਕ ਹੋ ਸਕੇ, ਗੁਰੂ ਮਹਾਰਾਜ ਦੇ ਕਮਰੇ ਉਪਰ ਹੋਰ ਰਿਹਾਇਸ਼ੀ ਕਮਰਾ ਨਹੀਂ ਬਣਾਉਣਾ ਚਾਹੀਦਾ।

(੬) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਅੰਮ੍ਰਿਤ ਵੇਲੇ ਹੀ ਹੋਣਾ ਚਾਹੀਦਾ ਹੈ। ਇਸ ਲਈ ਚਾਹੇ ਗੁਰਦੁਆਰਾ ਸਾਹਿਬ ਹੋਵੇ ਜਾਂ ਘਰ ਹੋਵੇ, ਹਰ ਇਕ ਨੂੰ ਅੰਮ੍ਰਿਤ ਵੇਲੇ ਗੁਰੂ ਸਾਹਿਬ ਦੇ ਪ੍ਰਕਾਸ਼ ਕਰਨ ਦੇ ਨਿਯਮ ਦੀ ਪਾਲਣਾ ਕਰਨੀ ਚਾਹੀਦੀ ਹੈ। ਗੁਰੂ ਸਾਹਿਬ ਅੰਮ੍ਰਿਤ ਵੇਲੇ ਦੇ ਆਹਾਰੀ ਹਨ।

(੭) ਉਚੇ ਥੜੇ ਜਾਂ ਤਖ਼ਤ ਪੋਸ਼ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਮੰਜੀ ਸਾਹਿਬ ਉਤੇ, ਹੋਣਾ ਚਾਹੀਦਾ ਹੈ। ਜੇਕਰ ਇਹ ਨਾ ਹੋਵੇ ਤਾਂ ਫ਼ਰਸ਼ ਤੇ ਹੀ ਸਵੱਛ ਬਸਤਰ ਵਿਛਾ ਕੇ ਮੰਜੀ ਸਾਹਿਬ ਉਤੇ ਪ੍ਰਕਾਸ਼ ਕੀਤਾ ਜਾ ਸਕਦਾ ਹੈ।

(੮) (ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਮੰਜੀ ਸਾਹਿਬ ਤੋਂ ਬਿਨਾਂ ਕਰਨਾ ਕਿਸੇ ਹਾਲਤ ਵਿਚ ਵੀ ਯੋਗ ਨਹੀਂ। ਮੰਜੀ ਸਾਹਿਬ ਦਾ ਸਾਈਜ਼ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਆਕਾਰ ਅਨੁਸਾਰ ਹੀ ਹੋਣਾ ਚਾਹੀਦਾ ਹੈ। ਮੰਜੀ ਸਾਹਿਬ ਦੀ ਉਚਾਈ ਵੀ ਢੁਕਵੀਂ ਹੋਣੀ ਚਾਹੀਦੀ ਹੈ। ਤਾਬਿਆ ਬੈਠਣ ਵਾਲੇ ਪਾਸੇ ਪਿਛਲਿਆਂ ਪਾਵਿਆਂ ਨਾਲੋਂ ਇੰਚ ਕੁ ਛੋਟੇ ਹੋਣੇ ਚਾਹੀਦੇ ਹਨ। ਜਾਂ ਸਾਹਮਣੇ ਪਾਸੇ ਦੇ ਪਾਵਿਆਂ ਹੇਠ ਪੜਾਵੇ ਬਣਵਾਏ ਹੋਏ ਰਖ ਦੇਣੇ ਠੀਕ ਹਨ।

ਇਸ ਤਰ੍ਹਾਂ ਪਾਠ ਕਰਨ ਨੂੰ ਆਸਾਨੀ ਰਹਿੰਦੀ ਹੈ ਤੇ ਅਗੇ ਨੂੰ ਨਹੀਂ ਝੁਕਣਾ ਪੈਂਦਾ।

(੮) ਮੰਜੀ ਸਾਹਿਬ ਬੜੀ ਸੁੰਦਰ ਬਣੀ ਹੋਈ ਹੋਵੇ। ਕਈ ਅਸਥਾਨਾਂ ਤੇ ਵੇਖਣ ਵਿਚ ਆਉਂਦਾ ਹੈ ਕਿ ਮੰਜੀ ਸਾਹਿਬ ਦੀ ਹਾਲਤ ਤਰਸ ਯੋਗ ਹੁੰਦੀ ਹੈ। ਸੋ ਸੁੰਦਰ ਗਿਲਾਫ ਨਾਲ ਉਸ ਦੀ ਸੰਭਾਲ ਰਖਣੀ ਜ਼ਰੂਰੀ ਹੈ। ਮੰਜੀ ਸਾਹਿਬ ਉਤੇ ਸੁੰਦਰ ਵਿਛਾਈ ਕਰ ਕੇ ਹੀ ਬਾਬਾ ਜੀ ਦੀ ਬੀੜ ਦਾ ਪ੍ਰਕਾਸ਼ ਕਰਨਾ ਚਾਹੀਦਾ ਹੈ।

(੯) ਗੁਰੂ ਮਹਾਰਾਜ ਦੇ ਪ੍ਰਕਾਸ਼ ਵਾਲੇ ਅਸਥਾਨ ਉਪਰ ਚੰਦੋਆ ਸਜਾਉਣਾ ਅਤਿ ਜ਼ਰੂਰੀ ਹੈ। ਜੇਕਰ ਪ੍ਰਕਾਸ਼ ਪਾਲਕੀ ਵਿਚ ਕੀਤਾ ਜਾਵੇ ਤਾਂ ਪਾਲਕੀ ਅੰਦਰ ਛੋਟੀ ਚਾਨਣੀ ਹੋਵੇ ਤੇ ਪਾਲਕੀ ਉਪਰ ਵੱਡਾ ਚੰਦੋਆ ਲਾਉਣਾ ਚਾਹੀਦਾ ਹੈ।

(੧੦) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਰੁਮਾਲੇ ਅਤਿ ਸੁੰਦਰ, ਪਰ ਸਾਦੇ ਹੋਣੇ ਚਾਹੀਦੇ ਹਨ। ਬਹੁਤੇ ਚਮਕੀਲੇ, ਭੜਕੀਲੇ ਤੇ ਪਤਲੇ ਨਹੀਂ ਸ਼ੋਭਦੇ। ਪ੍ਰੇਮ ਪਿਆਰ ਨਾਲ ਜੇ ਸਫੈਦ ਖੱਦਰ ਆਦਿ ਦੇ ਰੁਮਾਲੇ ਵੀ ਭੇਟਾ ਕੀਤੇ ਜਾਣ ਤਾਂ ਉਹੋ ਹੀ ਅਤੀ ਉਤਮ ਹਨ, ਪਰ ਘਰੇਲੂ ਰਹਿਤ ਵੀ ਸਾਦੀ ਹੋਵੇ। ਇਹ ਯੋਗ ਨਹੀਂ ਕਿ ਆਪਣੇ ਬਸਤਰ ਤਾਂ ਵਧੀਆ ਤੋਂ ਵਧੀਆ ਹੋਣ ਅਤੇ ਗੁਰੂ ਸਾਹਿਬ ਲਈ ਖੱਦਰ ਦੇ ਰੁਮਾਲੇ ਬਣਾਏ ਜਾਣ। ਰੁਮਾਲੇ ਬੀੜ ਸਾਹਿਬ ਅਤੇ ਮੰਜੀ ਸਾਹਿਬ ਦੇ ਅਕਾਰ ਅਨੁਸਾਰ ਹੀ ਹੋਣੇ ਚਾਹੀਦੇ ਹਨ। ਰੁਮਾਲਾ ਪਲਕਾਂ ਸਮੇਤ ਹੀ ਮੁਕੰਮਲ ਕਿਹਾ ਜਾ ਸਕਦਾ ਹੈ। ਤਸਵੀਰਾਂ ਵਾਲੇ ਰੁਮਾਲੇ ਭੇਟਾ ਕਰਨੇ ਗੁਰਮਤਿ ਵਿਰੁਧ ਹਨ, ਕਿਉਂਕਿ ਤਸਵੀਰਾਂ ਮਨੋ-ਕਲਪਤ ਹੁੰਦੀਆਂ ਹਨ। ਸਿਖ ਧਰਮ ਮੂਰਤੀ-ਪੂਜਕ ਨਹੀਂ, ਨਿਰੋਲ ਸ਼ਬਦ ਦਾ ਪੁਜਾਰੀ ਹੈ। ਪਾਠ ਦੀ ਸਮਾਪਤੀ ਉਪਰੰਤ ਰੁਮਾਲਾ ਭੇਟਾ ਕਰਨ ਦੀ ਪੁਰਾਤਨ ਮਰਯਾਦਾ ਹੈ। ਰੁਮਾਲਾ ਭੇਟਾ ਕਰਨ ਸਮੇਂ ਜੇਕਰ ਪੂਰਾ ਸੈਟ (ਇਕ ਦਰਸ਼ਨੀ ਰੁਮਾਲਾ, ਇਕ ਰੁਮਾਲਾ ਬਾਬਾ ਜੀ ਦੀ ਬੀੜ ਉਤੇ ਤੇ ਦੋ ਪਲਕਾਂ) ਭੇਟਾ ਕੀਤਾ ਜਾਵੇ ਤਾਂ ਬਹੁਤ ਸੁੰਦਰ

ਹੈ। ਵਾਧੂ ਪਏ ਰੁਮਾਲਿਆਂ ਦੀ ਵਰਤੋਂ ਚੰਦੋਇਆਂ ਵਾਸਤੇ ਜਾਂ ਗੁਰਪੁਰਬਾਂ ਤੇ ਸਜਾਵਟ ਹਿਤ ਕਰ ਲੈਣੀ ਚਾਹੀਦੀ ਹੈ। ਸਭ ਤੋਂ ਚੰਗੀ ਗੱਲ ਇਹ ਹੈ ਕਿ ਵਾਧੂ ਪਏ ਰੁਮਾਲੇ ਕਿਸੇ ਅਜਿਹੇ ਅਸਥਾਨ ਤੇ ਪਹੁੰਚਾ ਦਿਤੇ ਜਾਣ ਜਿਥੇ ਕਿ ਰੁਮਾਲਿਆਂ ਦੀ ਥੁੜ ਹੋਣ ਕਾਰਨ ਕਈ ਕਈ ਚਿਰ ਰੁਮਾਲੇ ਬਦਲੇ ਨਹੀਂ ਜਾਂਦੇ। ਅਜਿਹਾ ਕਰਨ ਨਾਲ ਗੁਰੂ ਮਹਾਰਾਜ ਦੀ ਸ਼ਾਨ ਹਰ ਅਸਥਾਨ ਤੇ ਬਰਾਬਰ ਰਖਣ ਵਿਚ ਮਦਦ ਮਿਲਦੀ ਹੈ।

(੧੧) ਬਾਬਾ ਜੀ ਦੀ ਬੀੜ ਦਾ ਪ੍ਰਕਾਸ਼ ਕਰਨ ਤੋਂ ਪਹਿਲਾਂ, ਮੰਜੀ ਸਾਹਿਬ ਤੇ ਇਕ ਸੁੰਦਰ ਗਦੇਲਾ ਵਿਛਾਉਣਾ ਚਾਹੀਦਾ ਹੈ। ਗਦੇਲੇ ਉਪਰ ਇਕ ਸੁੰਦਰ ਰੁਮਾਲਾ ਵਿਛਾਇਆ ਜਾਵੇ ਅਤੇ ਉਸ ਉਤੇ ਦੋ ਗੋਲਦਾਰ ਵਡੇ ਸਿਰ੍ਹਾਣੇ (ਇਕ ਸਜੇ ਅਤੇ ਦੂਜਾ ਖਬੇ ਪਾਸੇ) ਸਜਾਏ ਜਾਣ ਅਤੇ ਤੀਜਾ ਸਿਰ੍ਹਾਣਾ (ਛੋਟੇ ਆਕਾਰ ਦਾ) ਵਿਚਕਾਰ (ਮੰਜੀ ਸਾਹਿਬ ਦੇ ਅਗਲੇ ਪਾਸੇ) ਰਖਿਆ ਜਾਏ। ਇਨ੍ਹਾਂ ਸਿਰ੍ਹਾਣਿਆਂ ਉਤੇ ਇਕ ਹੋਰ ਸੁੰਦਰ ਰੁਮਾਲਾ ਵਿਛਾਇਆ ਜਾਵੇ। ਇਸੇ ਤਰ੍ਹਾਂ ਘਟੋ ਘਟ ਇਕ ਦਰਸ਼ਨੀ ਰੁਮਾਲਾ ਮੰਜੀ ਸਾਹਿਬ ਦੇ ਅਗੇ ਹੋਵੇ ਅਤੇ ਪ੍ਰਕਾਸ਼ ਕਰਨ ਉਪ੍ਰੰਤ ਗੁਰੂ ਮਹਾਰਾਜ ਉਪਰ ਘਟੋ ਘਟ ਦੋ ਰੁਮਾਲੇ ਦਿਤੇ ਜਾਣੇ ਯੋਗ ਹਨ। ਸੱਜੇ, ਖੱਬੇ ਦੋਹਾਂ ਪਾਸਿਆਂ ਵਾਲੀਆਂ ਦੋ ਪਲਕਾਂ, ਮੰਜੀ ਸਾਹਿਬ ਦੀ ਉਚਾਈ ਦੇ ਸਾਈਜ਼ ਦੀਆਂ ਲਾਉਣੀਆਂ ਚਾਹੀਦੀਆਂ ਹਨ। ਇਕ ਇਕ ਪਲਕ ਦੋਨਾਂ ਪਾਸਿਆਂ ਅੰਦਰ ਵਾਰ ਸਜਾਉਣੀ ਚਾਹੀਦੀ ਹੈ। ਇਹ ਪੁਰਾਤਨ ਮਰਯਾਦਾ ਹੈ ਅਤੇ ਇਸ ਨਾਲ ਬੀੜ ਦੇ ਪਤਰੇ ਠੀਕ ਰਹਿੰਦੇ ਹਨ ਤੇ ਚੰਗੀ ਸੰਭਾਲ ਰਹਿੰਦੀ ਹੈ। ਇਨ੍ਹਾਂ ਅੰਦਰਵਾਰ ਵਾਲੀਆਂ ਪਲਕਾਂ ਦਾ ਮੰਤਵ ਇਹ ਹੁੰਦਾ ਹੈ ਕਿ ਪਾਠ ਕਰਨ ਉਪਰੰਤ ਪਤਰਿਆਂ ਨੂੰ ਇਨ੍ਹਾਂ ਨਾਲ ਢਕ ਦਿਤਾ ਜਾਵੇ। ਅਗਲੇ ਪਾਸੇ ਲਗੇ ਹੋਏ ਦਰਸ਼ਨੀ ਰੁਮਾਲੇ ਉਤੇ ਫੂਲਦਾਨ, ਧੂਪ ਜਾਂ ਕੜਾਹ ਪ੍ਰਸ਼ਾਦ ਨਹੀਂ ਰਖਣੇ ਚਾਹੀਦੇ, ਕਿਉਂਕਿ ਕਈ ਵਾਰੀ ਫੂਲਦਾਨਾਂ ਵਿਚੋਂ ਪਾਣੀ ਡੁਲ੍ਹਣ ਨਾਲ ਰੁਮਾਲੇ

ਖਰਾਬ ਹੋ ਜਾਂਦੇ ਹਨ, ਧੂਪ ਦੀ ਬੂਰ-ਅਗਨੀ ਡਿੱਗਣ ਨਾਲ ਰੁਮਾਂ-ਲਿਆਂ ਤੇ ਦਾਗ ਪੈ ਜਾਣ ਦਾ ਡਰ ਹੁੰਦਾ ਹੈ ਅਤੇ ਕੜਾਹ ਪ੍ਰਸ਼ਾਦ ਨਾਲ ਰੁਮਾਲੇ ਥਿੰਦੇ ਹੋਣ ਦਾ ਡਰ ਰਹਿੰਦਾ ਹੈ।

(੧੨) ਦਰਸ਼ਨੀ ਰੁਮਾਲੇ ਉਪਰ ਸ਼ਸ਼ਤਰ, ਚਕਰ, ਖੰਡੇ, ਸ੍ਰੀ ਸਾਹਿਬਾ ਆਦਿ ਸਜਾਉਣੇ ਸ਼ੋਭਨੀਕ ਤੇ ਪ੍ਰਭਾਵਸ਼ਾਲੀ ਹੁੰਦੇ ਹਨ। ਰੁਮਾਲਿਆਂ ਨੂੰ ਕੜਾਹ ਪ੍ਰਸ਼ਾਦ ਵਾਲੇ ਹੱਥ ਧੋ ਕੇ ਲਾਉਣੇ ਚਾਹੀਦੇ ਹਨ। ਰੁਮਾਲਿਆਂ ਦੀ ਧੁਲਾਈ ਤੇ ਸਫ਼ਾਈ ਦਾ ਖ਼ਿਆਲ ਰੱਖਣਾ ਬਹੁਤ ਜ਼ਰੂਰੀ ਹੈ।

(੧੩) ਗੁਰੂ ਮਹਾਰਾਜ ਜੀ ਸ਼ਬਦ-ਸਰੂਪ ਹਨ, ਇਸ ਲਈ ਗਰਮੀਆਂ, ਸਰਦੀਆਂ ਨੂੰ ਮੁਖ ਰਖ ਕੇ ਗਰਮ ਜਾਂ ਠੰਢੇ ਰੁਮਾਲੇ ਨਹੀਂ ਚੜ੍ਹਾਉਣੇ ਚਾਹੀਦੇ ਤੇ ਨਾ ਹੀ ਇਹ ਸੋਚਣਾ ਚਾਹੀਦਾ ਹੈ ਕਿ ਗੁਰੂ ਸਾਹਿਬ ਨੂੰ ਸਰਦੀ ਜਾਂ ਗਰਮੀ ਲਗਦੀ ਹੈ।

(੧੪) ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਕਰਨਾ ਯੋਗ ਹੈ। ਜਰਾਬਾਂ ਸਮੇਤ ਤਾਬਿਆ ਵਿਚ ਬੈਠਣਾ ਸਖ਼ਤ ਬੇਅਦਬੀ ਹੈ। ਜਦੋਂ ਵੀ ਤਾਬਿਆ ਵਿਚ ਬੈਠਣਾ ਹੋਵੇ, ਪੰਜ-ਇਸ਼ਨਾਨਾ ਸੋਧ ਕੇ ਜਾਣਾ ਯੋਗ ਹੈ।

(੧੫) ਬਾਬਾ ਜੀ ਦਾ ਪ੍ਰਕਾਸ਼ ਕਰਨ ਤੋਂ ਪਹਿਲਾਂ ਨਿਮਰਤਾ ਸਹਿਤ ਖੜੇ ਹੋ ਕੇ ਸੰਖੇਪ ਅਰਦਾਸ ਜ਼ਰੂਰ ਕਰਨੀ ਚਾਹੀਦੀ ਹੈ। ਕਿਉਂਕਿ ਗੁਰੂ ਕਾ ਹੁਕਮ ਹੈ :—

ਆਪੇ ਜਾਣੈ ਕਰੇ ਆਪਿ, ਆਪੇ ਆਣੈ ਰਾਸਿ ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ ॥੧॥(੨੦)

ਸਲੋਕ ਮ: ੨, ਮਾਰੂ ਵਾਰ, ਪੰਨਾ ੧੦੯੩

ਅਰਦਾਸ ਤੋਂ ਬਾਅਦ ਪ੍ਰਕਾਸ਼ ਕਰਨ ਸਮੇਂ ਮਨ ਨੂੰ ਗੁਰੂ-ਚਰਨਾਂ ਵਿਚ ਜੋੜਨ ਹਿਤ ਬੇਨਤੀ ਦੇ ਸ਼ਬਦ ਪੜ੍ਹਨੇ ਚਾਹੀਦੇ ਹਨ। ਆਮ ਤੌਰ ਤੇ ਇਨ੍ਹਾਂ ਸ਼ਬਦਾਂ ਦਾ ਉਚਾਰਨ ਕੀਤਾ ਜਾਂਦਾ ਹੈ :—

(ੳ) ਡੰਡਉਤਿ ਬੰਦਨ ਅਨਿਕ ਬਾਰ, ਸਰਬ ਕਲਾ ਸਮਰਥ ॥
ਡੋਲਨ ਤੇ ਰਾਖਹੁ ਪ੍ਰਭੂ, ਨਾਨਕ ਦੇ ਕਰਿ ਹਥ ॥੧॥ (ਪੰਨਾ ੨੫੬)

(ਅ) ਧੰਨੁ ਸੁ ਵੇਲਾ ਜਿਤੁ ਦਰਸਨੁ ਕਰਣਾ ॥
ਹਉ ਬਲਿਹਾਰੀ ਸਤਿਗੁਰ ਚਰਣਾ ॥੧॥
ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ ॥
ਮਨੁ ਜੀਵੈ ਪ੍ਰਭ ਨਾਮੁ ਚਿਤੇਰੈ ॥੧॥ਰਹਾਉ॥
ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ ॥
ਸੀਤਲ ਪੁਰਖ ਦ੍ਰਿਸਟਿ ਸੁਜਾਣੀ ॥੨॥
ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ ॥
ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥੩॥
ਤੁਮ ਮਿਹਰਵਾਨ ਦਾਸ ਹਮ ਦੀਨਾ ॥
ਨਾਨਕ ਸਾਹਿਬੁ ਭਰਪੁਰਿ ਲੀਣਾ ॥੪॥੨॥

ਵਡਹੰਸੁ ਮਹਲਾ ੫, ਪੰਨਾ ੫੬੨

(ੲ) ਸੁ ਕਹੁ ਟਲ ਗੁਰੁ ਸੇਵੀਐ, ਅਹਿਨਿਸਿ ਸਹਜਿ ਸੁਭਾਇ ॥
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥

ਸਵਈਏ ਮਹਲੇ ਦੂਜੇ ਕੇ, ਪੰਨਾ ੧੩੯੨

(ਸ) ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥
ਤੁਧੁ ਡਿਠੇ ਸਚੇ ਪਾਤਿਸਾਹ, ਮਲੁ ਜਨਮ ਜਨਮ ਦੀ ਕਟੀਐ ॥

ਸਤੇ ਬਲਵੰਡ ਦੀ ਵਾਰ, ਪੰਨਾ ੯੬੭

(੧੬) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਸਮੇਂ ਜੇ ਬਾਬਾ ਜੀ ਦੀ ਬੀੜ ਕਿਸੇ ਹੋਰ ਕਮਰੇ ਵਿਚ ਹੋਵੇ ਤਾਂ ਉਥੋਂ ਪਾਲਕੀ ਵਿਚ ਜਾਂ ਸੀਸ ਉਤੇ ਚੁਕ ਕੇ ਸਤਿਕਾਰ ਸਹਿਤ ਲਿਆਉਣੀ ਚਾਹੀਦੀ ਹੈ। ਇਸੇ ਤਰ੍ਹਾਂ ਪ੍ਰਕਾਸ਼ ਕਰਨ ਸਮੇਂ ਰੁਮਾਲੇ ਖੋਲ੍ਹਣ ਉਪਰੰਤ ਬੀੜ ਨੂੰ ਸੀਸ ਉਪਰ ਚੁਕ ਲੈਣਾ ਚਾਹੀਦਾ ਹੈ। ਸੀਸ ਤੇ ਚੁਕਣ ਸਮੇਂ ਸੀਸ ਤੇ ਸਾਫ ਕਪੜਾ ਰੱਖੋ ਅਤੇ ਬੀੜ ਦੇ ਉਪਰ ਵੀ ਰੁਮਾਲਾ ਜਾਂ ਪਲਕ ਰਖਣੀ ਜਰੂਰੀ ਹੈ। ਬੀੜ ਨੂੰ ਸੀਸ ਤੇ ਚੁਕਣ ਦੀ ਥਾਂ ਗੋਡਿਆਂ ਤੇ, ਸਟੂਲ ਜਾਂ ਧਰਤੀ ਤੇ ਰਖਣਾ ਘੋਰ ਨਿਰਾਦਰੀ ਕਰਨਾ ਹੈ।

(੧੭) ਪ੍ਰਕਾਸ਼ ਕਰਨ ਤੇ ਸਤਿਕਾਰ ਸਹਿਤ ਸੀਸ ਨਿਵਾਉਣਾ ਅਤੇ ਫਤਹ

ਗਜਾਉਣੀ ਹਰੇਕ ਪ੍ਰਾਣੀ ਮਾਤਰ ਦਾ ਫਰਜ਼ ਬਣਦਾ ਹੈ।

(੧੮) ਹੁਕਮ ਲੈਣ ਲਗਿਆਂ ਜਾਂ ਪਾਠ ਕਰਨ ਸਮੇਂ ਰੁਮਾਲੇ ਨੂੰ ਪਤਰਿਆਂ ਵਿਚ ਨਹੀਂ ਦੇਣਾ ਚਾਹੀਦਾ, ਕਿਉਂਕਿ ਇਸ ਤਰ੍ਹਾਂ ਪਤਰੇ ਮੁੜ ਕੇ ਫਟ ਜਾਂਦੇ ਹਨ।

(੧੯) ਪ੍ਰਕਾਸ਼ ਕਰ ਕੇ ਦਰਸ਼ਨ-ਸਮਾਪਤੀ ਉਪਰੰਤ ਇਸ ਗੱਲ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਕਿ ਪੱਤਰਿਆਂ ਦੀ ਇਕਸਾਰ ਵੰਡ ਰਖੀ ਜਾਵੇ। ਇਕ ਪਾਸੇ ਬਹੁਤ ਜ਼ਿਆਦਾ ਅਤੇ ਦੂਜੇ ਪਾਸੇ ਬਹੁਤ ਥੋੜੇ ਪੱਤਰੇ ਨਹੀਂ ਕਰਨੇ ਚਾਹੀਦੇ।

(੨੦) ਹੁਕਮ ਲੈਣ ਸਮੇਂ ਪੱਤਰਿਆਂ ਨੂੰ ਬੜੇ ਸਤਿਕਾਰ ਅਤੇ ਭੈ-ਭਾਵਨੀ ਸਹਿਤ ਦੋਹਾਂ ਹੱਥਾਂ ਨਾਲ ਪਰਤਾਉਣਾ ਚਾਹੀਦਾ ਹੈ।

ਸਤਿਗੁਰੁ ਮਨ-ਕਾਮਨਾ ਤੀਰਥੁ ਹੈ ਜਿਸਨੋ ਦੇਇ ਬੁਝਾਇ ॥
ਮਨ-ਚਿੰਦਿਆ ਵਰੁ ਪਾਵਣਾ, ਜੋ ਇਛੈ ਸੋ ਫਲੁ ਪਾਇ ॥ (੨੬)

ਹੁਕਮ ਅਨੁਸਾਰ ਸ਼ਰਧਾ ਤੇ ਭੈ-ਭਾਵਨੀ ਅਨੁਸਾਰ ਸਤਿਗੁਰੂ ਨੂੰ ਜਾਗਤ-ਜੋਤਿ, ਹਾਜ਼ਰਾ ਹਜ਼ੂਰ, ਜ਼ਾਹਿਰਾ ਜ਼ਹੂਰ, ਸਰਬ ਕਲਾ ਭਰਪੂਰ ਸਮਝ ਕੇ ਸੇਵਾ ਕੀਤੀ ਹੀ ਫਲ ਦਾਤੀ ਹੈ।

(੨੧) ਪਾਠ ਕਰਨ ਸਮੇਂ ਮੰਜੀ ਸਾਹਿਬ ਉਪਰ ਬਾਹਵਾਂ ਦੀ ਟੇਕ ਜਾਂ ਢਾਸਣਾ ਲਾਉਣਾ ਠੀਕ ਨਹੀਂ। ਪਾਠ ਕਰਨ ਸਮੇਂ ਬੀੜ ਵਿਚ ਕਾਗਜ਼ ਦੀਆਂ ਨਿਸ਼ਾਨੀਆਂ ਰਖਣੀਆਂ ਯੋਗ ਨਹੀਂ। ਇਸ ਲੋੜ ਲਈ ਨੋਟ-ਬੁਕ ਮੰਜੀ ਸਾਹਿਬ ਦੇ ਹੇਠਾ ਜਾਂ ਜੇਬ ਵਿਚ ਰਖੀ ਜਾ ਸਕਦੀ ਹੈ।

(੨੨) ਗੁਰੂ ਮਹਾਰਾਜ ਦੀ ਤਾਬਿਆ ਬੈਠਣ ਵਾਲਾ ਪ੍ਰੇਮੀ ਜੇ ਪਜਾਮੇ ਜਾ ਪੈਂਟ ਦੀ ਥਾਂ ਕਛਹਿਰਾ ਪਾ ਕੇ ਬੈਠੇ ਤਾਂ ਚੰਗੀ ਗੱਲ ਹੈ, ਪਰੰਤੂ ਸਿੰਘਣੀਆਂ ਨੂੰ ਸਿੱਖ ਸਮਾਜ ਵਿਚ ਬਰਾਬਰ ਦੇ ਅਧਿਕਾਰ ਹਨ ਅਤੇ ਉਨ੍ਹਾਂ ਲਈ ਸਲਵਾਰ ਤੋਂ ਬਿਨਾਂ ਤਾਬਿਆਂ ਵਿਚ ਬੈਠਣਾ ਸ਼ੋਭਾ ਨਹੀਂ ਦਿੰਦਾ ਇਸ ਲਈ ਸਵੱਛ ਪਜਾਮਾ ਜਾ ਸਲਵਾਰ ਨਾਲ ਬੈਠਿਆ ਜਾ ਸਕਦਾ ਹੈ।

(੨੩) ਗੁਰੂ ਮਹਾਰਾਜ ਦੀ ਤਾਬਿਆ ਬੈਠ ਕੇ ਪੈਰਾਂ ਨੂੰ ਹੱਥ ਲਾਉਣੇ ਠੀਕ ਨਹੀਂ। ਤੇ ਸਰੀਰਕ ਲੋੜੀਂਦੀ ਕਿਰਿਆ ਕਪੜੇ ਨਾਲ ਕਰਨੀ ਚਾਹੀਦੀ ਹੈ। ਬਾਬਾ ਜੀ ਦੀ ਤਾਬਿਆ ਸਾਵਧਾਨਤਾ ਸਹਿਤ ਬੈਠਣਾ ਚਾਹੀਦਾ ਹੈ। ਇਕ ਹੱਥ ਵਿਚ ਮਹਾਰਾਜ ਦੇ ਉਪਰ ਝੁਲਾਉਣ ਲਈ ਚੌਰ ਰਖਣਾ ਚਾਹੀਦਾ ਹੈ।

(੨੪) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਉਤੇ ਸ਼ਨੀਲ, ਮਖ਼ਮਲ ਜਾਂ ਜ਼ੀਨ ਆਦਿ ਦੇ ਕਪੜੇ ਦੀ ਚੋਲੀ ਜ਼ਰੂਰ ਚੜ੍ਹਾਉਣੀ ਚਾਹੀਦੀ ਹੈ। ਇਸ ਨਾਲ ਬੀੜ ਦੀ ਜਿਲਦ ਦੀ ਸੰਭਾਲ ਰਹਿੰਦੀ ਹੈ।

(੨੫) ਕੀਰਤਨੀਏ ਸਿੰਘਾਂ ਨੂੰ ਗੁਰੂ ਮਹਾਰਾਜ ਜੀ ਦੇ ਸੱਜੇ ਪਾਸੇ ਸਜਣਾ ਚਾਹੀਦਾ ਹੈ। ਸ਼ਸ਼ਤਰਧਾਰੀਆਂ ਨੂੰ ਕੀਰਤਨੀ ਸਿੰਘਾਂ ਦੇ ਸਾਹਮਣੇ, ਗੁਰੂ ਮਹਾਰਾਜ ਜੀ ਦੇ ਖਬੇ ਪਾਸੇ ਸਜਣ ਦੀ ਪੁਰਾਤਨ ਮਰਯਾਦਾ ਹੈ। ਇਸ ਮਰਯਾਦਾ ਦੇ ਦਰਸ਼ਨ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤੇ ਜਾ ਸਕਦੇ ਹਨ।

(੨੬) ਕੀਰਤਨੀ ਸਿੰਘਾਂ ਅਤੇ ਪ੍ਰਚਾਰਕਾਂ ਆਦਿ ਨੂੰ ਕੇਵਲ ਕੀਰਤਨ ਜਾਂ ਵਖਿਆਨ ਸਮੇਂ ਹੀ ਸਟੇਜ ਤੇ ਬੈਠਣਾ ਚਾਹੀਦਾ ਹੈ, ਉਸ ਤੋਂ ਉਪਰੰਤ ਸੰਗਤ ਵਿਚ ਸਜ ਜਾਣਾ ਯੋਗ ਹੈ।

(੨੭) ਦਸਤਾਰ ਤੋਂ ਬਿਨਾਂ ਛੋਟੇ ਬੱਚਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਗੇ ਬੈਠਣਾ ਯੋਗ ਨਹੀਂ।

(੨੮) ਗੁਰੂ ਮਹਾਰਾਜ ਜੀ ਵਾਸਤੇ ਇਕ ਸੁੰਦਰ ਚੌਰ ਹੋਣਾ ਲਾਜ਼ਮੀ ਹੈ। ਚੌਰ ਰਖਣ ਲਈ ਵੱਖਰਾ ਸਟੂਲ ਜਾ ਚੌਕੀ ਹੋਣੀ ਚਾਹੀਦੀ ਹੈ, ਤਾਂ ਜੁ ਤਾਬਿਆ ਬੈਠਣ ਵਾਲੇ ਦੇ ਪੈਰਾਂ ਨਾਲ ਨਾ ਲੱਗੇ। ਚੌਰ ਖੜੇ ਹੋ ਕੇ ਕਰਨ ਦਾ ਯਤਨ ਕਰਨਾ ਚਾਹੀਦਾ ਹੈ, ਕਿਉਂਕਿ ਪੁਰਾਤਨ ਸਿੰਘ ਇਸੇ ਤਰ੍ਹਾਂ ਹੀ ਕੀਤਾ ਕਰਦੇ ਸਨ। ਚੌਰ ਪਿਛਲੇ ਪਾਸੇ ਜਾਂ ਸਜੇ ਖੱਬੇ ਖੜੋ ਕੇ ਕਰਨਾ ਚਾਹੀਦਾ ਹੈ। ਕਈ ਵੀਰ ਅਤੇ ਭੈਣਾਂ ਗੁਰੂ ਮਹਾਰਾਜ ਦੇ ਪ੍ਰਕਾਸ਼ ਦੇ ਅੱਗੋਂ ਦੀ ਪਰਕਰਮਾ ਕਰਦੇ ਹੋਏ ਚੌਰ ਕਰਦੇ ਹਨ, ਜੋ ਠੀਕ ਨਹੀਂ ਹੈ। ਪਾਲਕੀ ਹੋਣ ਦੀ ਸੂਰਤ ਵਿਚ

ਚੌਰ ਚੰਗੀ ਤਰ੍ਹਾਂ ਨਹੀਂ ਹੋ ਸਕਦਾ। ਪਾਲਕੀ ਕੇਵਲ ਗੁਰੂ ਸਾਹਿਬ ਦੀ ਸਵਾਰੀ ਲਿਜਾਣ ਵਾਸਤੇ ਹੀ ਬਣਾਈ ਗਈ ਹੈ। ਇਸ ਲਈ ਚੰਗੀ ਗੱਲ ਇਹੋ ਹੈ ਕਿ ਪ੍ਰਕਾਸ਼ ਹਮੇਸ਼ਾ ਮੰਜੀ ਸਾਹਿਬ ਉਪਰ ਹੀ ਕੀਤਾ ਜਾਵੇ। ਚੌਰ ਨੂੰ ਰੁਮਾਲਿਆਂ ਜਾਂ ਪਤਰਿਆਂ ਦੀ ਸਫਾਈ ਲਈ ਵਰਤੋਂ ਵਿਚ ਲਿਆਉਣਾ ਨਿਰੋਲ ਮਨਮਤਿ ਹੈ, ਇਸ ਸੇਵਾ ਲਈ ਇਕ ਵਾਧੂ ਸਾਫ ਰੁਮਾਲਾ ਰਖ ਲਿਆ ਜਾਵੇ। ਮੋਰਾਂ ਦੇ ਖੰਭਾਂ ਵਾਲੇ ਚੌਰ ਛੇਤੀ ਟੁਟ ਜਾਂਦੇ ਹਨ ਅਤੇ ਉਨ੍ਹਾਂ ਦੀਆਂ ਪੰਖੜੀਆਂ ਪੈਰਾਂ ਵਿਚ ਰੁਲਦੀਆਂ ਰਹਿੰਦੀਆਂ ਹਨ।

(੨੯) ਗੁਰੂ ਮਹਾਰਾਜ ਦੇ ਪ੍ਰਕਾਸ਼-ਅਸਥਾਨ ਤੇ, ਗੁਰੂ ਸਾਹਿਬ ਦੇ ਅਗੇ ਜਾਂ ਦੀਵਾਰਾਂ ਉਤੇ, ਕਿਸੇ ਪ੍ਰਕਾਰ ਦੀਆਂ ਮਨੁੱਖੀ ਜਾਂ ਗੁਰ-ਤਸਵੀਰਾਂ ਰਖਣੀਆਂ ਨਿਰੋਲ ਮਨਮਤਿ ਹੈ। ਇਨ੍ਹਾਂ ਕਾਗਜ਼ੀ ਚਿਤਰਾਂ ਨਾਲ ਗੁਰੂ-ਜੋਤਿ ਦਾ ਮੁਕਾਬਲਾ ਕਰਨਾ ਵੱਡੀ ਭੁਲ ਹੈ। ਇਨ੍ਹਾਂ ਚਿਤਰਾਂ ਦੀ ਬਜਾਏ ਗੁਰਬਾਣੀ ਦੀਆਂ ਸਿਖਿਆ ਦਾਇਕ ਅਤੇ ਆਦਰਸ਼ਕ ਪੰਗਤੀਆਂ ਦੇ ਕਿਤੇ ਲਾਉਣੇ ਯੋਗ ਅਤੇ ਲਾਭਦਾਇਕ ਹਨ, ਕਿਉਂਕਿ ਉਹ ਮਨੁੱਖੀ ਜੀਵਨ ਵਿਚ ਤਬਦੀਲੀ ਲਿਆਉਣ ਲਈ ਸਹਾਇਕ ਹੋ ਸਕਦੇ ਹਨ ਅਤੇ ਉਨ੍ਹਾਂ ਦੀ ਪਰਦਰਸ਼ਨੀ ਦਾ ਪ੍ਰਭਾਵ ਵੀ ਹਰ ਇਕ ਆਏ ਦਰਸ਼ਕ ਤੇ ਪੈ ਸਕਦਾ ਹੈ।

(੩੦) ਜੋ ਵੀ ਗੁਰੂ ਪਿਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਦਰਸ਼ਨਾਂ ਲਈ ਜਾਵੇ ਉਹ ਬੜੇ ਸਤਿਕਾਰ ਨਾਲ ਜੋੜੇ ਖਾਨੇ ਵਿਚ ਜੋੜਾ ਰਖੇ, ਪੰਜ-ਇਸ਼ਨਾਨਾ ਕਰੇ ਤੇ ਜੇ ਭੀੜ ਹੋਵੇ ਤਾਂ ਲਾਈਨ ਵਿਚ ਹੋ ਕੇ ਮਹਾਰਾਜ ਦੇ ਹਜ਼ੂਰ ਜਾਵੇ।

ਜਦ ਮੱਥਾ ਟੇਕਣ ਦਾ ਅਸਥਾਨ ਆਵੇ ਤਾਂ ਦੋਵੇਂ ਹੱਥ ਛਾਤੀ ਤਕ ਜੁੜੇ ਹੋਇਆਂ ਨਾਲ ਸੀਸ ਨਿਵਾਣ ਤੋਂ ਬਾਅਦ ਦੋਵੇਂ ਹੱਥ ਅਤੇ ਗੋਡੇ ਧਰਤੀ ਤੇ ਟੇਕਣੇ ਚਾਹੀਦੇ ਹਨ ਤੇ ਭੇਟਾ ਵੀ ਬੜੇ ਸਤਿਕਾਰ ਨਾਲ ਅਰਪਣ ਕਰਨੀ ਚਾਹੀਦੀ ਹੈ ਅਤੇ ਮਸਤਕ ਪੂਰਾ ਧਰਤੀ ਨਾਲ ਛੁਹਾ ਕੇ ਉਠਾਣਾ ਚਾਹੀਦਾ ਹੈ। ਉਠਣ ਉਪਰੰਤ ਦੋਵੇਂ ਹੱਥ ਜੁੜਿਆਂ ਸਮੇਤ

ਦੇਵੇਂ. ਸਾਈਡਾਂ ਤੇ ਬੈਠੀਆਂ ਸੰਗਤਾਂ ਨੂੰ ਮਨ ਵਿਚ ਹੀ ਫਤਹ ਬੁਲਾਣੀ ਚਾਹੀਦੀ ਹੈ। ਜੇਕਰ ਪ੍ਰਕਰਮਾਂ ਦਾ ਯੋਗ ਪ੍ਰਬੰਧ ਹੋਵੇ ਤਾਂ ਪ੍ਰਕਰਮਾਂ ਕਰ ਕੇ ਯੋਗ ਸਥਾਨ ਤੇ ਜਾ ਕੇ ਬੈਠਣਾ ਚਾਹੀਦਾ ਹੈ।

ਗੁਰੂ ਬਾਬਾ ਜੀ ਦੇ ਚਰਨਾਂ ਵਿਚ ਮੱਥਾ ਟੇਕਦਿਆਂ ਸ਼ਰਧਾ ਤੇ ਸਤਿਕਾਰ ਨਾਲ ਦਰਸ਼ਨ ਭੇਟਾ ਅਗੇ ਰਖੋ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ :—

ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,
ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ।
ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ
ਸਿਮਰਨ ਤਾਂਹਿ ਬਾਰੰਬਾਰ ਗੁਰੁ ਹੇਤ ਹੈ।
ਭਾਵਨੀ ਭਗਤਿ ਭਾਇ ਕੌਡੀ ਅਗ੍ਰਭਾਗ ਰਾਖੈ,
ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ।
ਸਤਿਗੁਰ ਦਯਾਨਿਧਿ, ਮਹਿਮਾ ਅਗਾਧਿ ਬੋਧ,
ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ ॥੧੧੧॥

(੩੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪ੍ਰਕਾਸ਼ ਸਮੇਂ, ਪਾਠ ਹੁੰਦਿਆਂ ਜਾਂ ਕੀਰਤਨ ਹੁੰਦਿਆਂ ਗੱਲਾਂ ਕਰਨੀਆਂ ਭਾਰੀ ਬੇਅਦਬੀ ਹੈ। ਜਿਸ ਦਾ ਅਸੀਂ ਸਤਿਕਾਰ ਕਰਦੇ ਹਾਂ ਉਸ ਦੇ ਬਚਨ ਸੁਣਦੇ ਹੋਇਆਂ ਜੇ ਅਸੀਂ ਕਿਸੇ ਹੋਰ ਨਾਲ ਗੱਲਾਂ ਕਰਨ ਲਗ ਜਾਈਏ ਤਾਂ ਇਹ ਕਿੰਨਾ ਅਯੋਗ ਹੈ ? ਜਦ ਕੋਈ ਮਹਾਂ ਪੁਰਸ਼ ਕੁਝ ਬੋਲ ਰਿਹਾ ਹੋਵੇ ਅਤੇ ਭਾਵੇਂ ਸਾਨੂੰ ਉਸ ਗੱਲ ਦਾ ਪਤਾ ਵੀ ਹੋਵੇ ਤਾਂ ਵੀ ਸਤਿਕਾਰ ਦੀ ਮੰਗ ਹੈ ਕਿ ਅਸੀਂ ਸ਼ਾਂਤੀ ਤੇ ਪਿਆਰ ਨਾਲ ਉਹ ਗੱਲ ਸੁਣੀਏ। ਭੋਗ ਸਮੇਂ ਜਾਂ ਅਰਦਾਸ ਤੋਂ ਬਾਅਦ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਹੁਕਮ (ਵਾਕ) ਲਿਆ ਜਾਂਦਾ ਹੈ ਤਾਂ ਉਸ ਵਾਕ ਨੂੰ ਸੁਣਦਿਆਂ ਸਾਡਾ ਉਨ੍ਹਾਂ ਤੁਕਾਂ ਨੂੰ ਨਾਲ ਨਾਲ ਉੱਚੀ ਉੱਚੀ ਪੜ੍ਹੀ ਜਾਣਾ ਬਿਲਕੁਲ ਨਹੀਂ ਢੁਕਦਾ। ਗੁਰਬਾਣੀ ਦਾ ਸਤਿਕਾਰ ਇਹ ਕਹਿੰਦਾ ਹੈ ਕਿ ਅਸੀਂ ਉਹ ਵਾਕ ਸ਼ਾਂਤੀ ਨਾਲ ਧਿਆਨ ਦੇ ਕੇ ਸੁਣੀਏ। ਕਿਉਂਕਿ ਅਸੀਂ ਤਾਂ ਗੁਰੂ ਦੇ ਹੁਕਮ ਨੂੰ

ਸੁਣਨ ਲਈ ਬੈਠੇ ਹੁੰਦੇ ਹਾਂ, ਨਾ ਕਿ ਇਹ ਦਸਣ ਲਈ ਕਿ ਇਹ ਹੁਕਮ ਸਾਨੂੰ ਜ਼ਬਾਨੀ ਯਾਦ ਹੈ। ਜਦ ਚਿਤ ਲਾ ਕੇ ਸੁਣਾਂਗੇ ਤਾਂ ਅਰਥਾਂ ਦਾ ਗਿਆਨ ਹੋਵੇਗਾ ਅਤੇ ਇਸ ਤਰ੍ਹਾਂ ਉਪਦੇਸ਼ ਨੂੰ ਹਿਰਦੇ ਵਿਚ ਵਸਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਾਂਗੇ।

(੩੨) ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹਜ਼ੂਰੀ ਵਿਚ ਕੀਰਤਨ ਹੁੰਦੇ ਸਮੇਂ ਹੁਕਮਨਾਮਾ ਲੈਣਾ ਯੋਗ ਨਹੀਂ ਹੈ।

(੩੩) ਮਹਾਰਾਜ ਦਾ ਪਾਠ ਹੁੰਦੇ ਸਮੇਂ, ਉਸੇ ਅਸਥਾਨ ਤੇ ਕੀਰਤਨ ਜਾਂ ਵਖਿਆਨ ਕਰਨਾ, ਮਹਾਰਾਜ ਦੀ ਬੇਅਦਬੀ ਹੈ। ਮਹਾਰਾਜ ਦਾ ਪਾਠ ਹੁੰਦਿਆਂ ਵਖਰੇ ਅਸਥਾਨ ਤੇ ਪ੍ਰਕਾਸ਼ ਕਰਕੇ ਕੀਰਤਨ ਹੋਣਾਚਾਹੀਦਾ ਹੈ।

(੩੪) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਲਈ (ਸੰਤੋਖਣ ਹਿਤ) ਪੰਜ ਸਾਫ਼ ਰੁਮਾਲਿਆਂ ਦੀ ਪੁਰਾਤਨ ਮਰਯਾਦਾ ਹੈ। ਇਹ ਰੁਮਾਲੇ ਪੀਠਦਾਰ ਤੇ ਮੁਲਾਇਮ ਕਪੜੇ ਦੇ ਹੋਣੇ ਚਾਹੀਦੇ ਹਨ। ਇਕੱਲਾ ਰੁਮਾਲਾ ਸੰਤੋਖਣ ਹਿਤ ਰਖਣਾ ਬਿਲਕੁਲ ਯੋਗ ਨਹੀਂ।

(੩੫) ਦਿਨ ਨੂੰ ਕਿਸੇ ਸਮੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖਾਸਨ ਕਰਨ ਵੇਲੇ ਸੋਹਿਲੇ ਦਾ ਪਾਠ ਕਰਨ ਦੀ ਕੋਈ ਮਰਯਾਦਾ ਨਹੀਂ। ਕੇਵਲ ਆਥਣ ਸਮੇਂ ਹੀ ਆਰਤੀ-ਸੋਹਿਲੇ ਦਾ ਪਾਠ ਕਰਨਾ ਯੋਗ ਹੈ। ਦਿਨ ਵੇਲੇ ਚੌਪਈ ਸਾਹਿਬ ਦਾ ਪਾਠ ਕਰਨਾ ਹੀ ਯੋਗ ਹੈ।

(੩੬) ਸੁਖਾਸਨ ਸਮੇਂ ਰੁਮਾਲੇ ਸੋਹਣੇ ਢੰਗ ਨਾਲ ਅਦਬ ਸਤਿਕਾਰ ਸਹਿਤ ਇਸ ਤਰ੍ਹਾਂ ਲਪੇਟੇ ਜਾਣ ਕਿ ਵਿਚ ਕੋਈ ਵਟ ਨਾ ਰਹੇ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਮਰਯਾਦਾ ਬੱਧੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਸੁਖਾਸਨ-ਅਸਥਾਨ ਵੱਖਰਾ ਹੋਵੇ। ਵਖਰੇ ਅਸਥਾਨ ਤੇ ਵੱਡਾ ਤੇ ਸੁੰਦਰ ਪਲੰਘ ਵਿਛਿਆ ਹੋਵੇ। ਪਲੰਘ ਨ ਹੋਣ ਦੀ ਹਾਲਤ ਵਿਚ ਅਲਮਾਰੀ ਵਿਚ ਅਦਬ ਸਤਿਕਾਰ ਸਹਿਤ ਪਲੰਘ ਵ ਗ ਬੀੜ ਰਖਣੀ ਚਾਹੀਦੀ ਹੈ। ਪਲੰਘ ਉਤੇ ਚੰਦੋਆ ਜਾਂ ਚਾਦਰ ਤਾਣ ਦੇਣੀ ਜ਼ਰੂਰੀ ਹੈ।

(੩੭) ਬਾਬਾ ਜੀ ਦੀ ਬੀੜ ਨੂੰ ਇਕ ਮਕਾਨ ਤੋਂ ਦੂਜੇ ਮਕਾਨ ਜਾਂ ਥਾਂ ਤੇ ਲੈ ਜਾਣ ਲਈ ਮੰਜੀ ਸਾਹਿਬ ਉਪਰ ਚੰਗੀ ਤਰ੍ਹਾਂ ਕਮਰਕਸਾ

ਕਰਨਾ ਅਤੀ ਜ਼ਰੂਰੀ ਹੈ।

(੩੮) ਸੁਖਾਸਨ ਉਪਰੰਤ ਮੰਜੀ ਸਾਹਿਬ ਦੇ ਅਗੇ ਲਗਾ ਹੋਇਆ ਰੁਮਾਲਾ ਅਤੇ ਸ਼ਸਤਰ ਆਦਿ ਸਮੇਟ ਦੇਣੇ ਚਾਹੀਦੇ ਹਨ ਅਤੇ ਅੰਮ੍ਰਿਤ ਵੇਲੇ ਪ੍ਰਕਾਸ਼ ਸਮੇਂ ਸ਼ਸਤਰਾਂ ਨੂੰ ਸਾਫ਼ ਕਰ ਕੇ ਰੁਮਾਲਿਆਂ ਸਮੇਤ ਦੁਬਾਰਾ ਸਜਾਉਣਾ ਚਾਹੀਦਾ ਹੈ। ਮਹਾਰਾਜ ਦਾ ਉਪਰਲਾ ਰੁਮਾਲਾ,ਪਲੰਘ ਦੇ ਉਪਰਲੇ ਹਿਸੇ ਤਕ ਰਹਿਣਾ ਚਾਹੀਦਾ ਹੈ, ਹੇਠਾਂ ਪਾਵਿਆਂ ਤਕ ਨਹੀਂ ਕਰਨਾ ਚਾਹੀਦਾ, ਤਾਂ ਜੁ ਤਾਬਿਆ ਬੈਠਣ ਵਾਲੇ ਦੇ ਪੈਰਾਂ ਨਾਲ ਨਾ ਲਗੇ।

(੩੯) ਸੁਖਾਸਨ ਉਪਰੰਤ ਮਹਾਰਾਜ ਦੀ ਵਿਛਾਈ ਵਾਲੇ ਸਥਾਨ ਦੀ ਰੋਜ਼ਾਨਾ ਸਫਾਈ ਕਰਨੀ ਜ਼ਰੂਰੀ ਹੈ।

(੪੦) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸੁਖਾਸਨ ਤੋਂ ਬਾਅਦ ਸਾਹਮਣੇ ਹੋ ਕੇ ਨਿਮਰਤਾ ਸਹਿਤ ਖੜੇ ਹੋ ਕੇ ਅਰਦਾਸ ਵਿਚ ਬੇਨਤੀ ਕਰਨੀ ਚਾਹੀਦੀ ਹੈ ਕਿ ਹੇ ਦਾਤਾਰ ਪਿਤਾ, ਸ਼ਾਹਿਨਸ਼ਾਹ ਦੋ ਜਹਾਨ ਦੇ ਵਾਲੀ, ਸ਼ਬਦ ਅਵਤਾਰ ਗੁਰੂ ਜੋਤਿ ਜੀਉ, ਆਪ ਜੀ ਦੀ ਸੇਵਾ ਕਰਦਿਆਂ, ਗੁਰਬਾਣੀ ਪੜ੍ਹਦਿਆਂ, ਆਪ ਜੀ ਦੇ ਪਵਿਤ੍ਰ ਚਰਨਾਂ ਵਿਚ ਉਠਦਿਆਂ ਬੈਠਦਿਆਂ ਦਾਸਾਂ ਪਾਸੋਂ ਬੇਅੰਤ ਬੇਅੰਤ ਭੁੱਲਾਂ ਹੋ ਗਈਆਂ ਹੋਣਗੀਆਂ, ਆਪ ਜੀ ਬਖਸ਼ਨਹਾਰ ਪਿਤਾ ਹੋ, ਅਸੀਂ ਰੋਮ ਰੋਮ ਗੁਨਾਹਗਾਰ ਹਾਂ, ਆਪ ਜੀ ਕਿਰਪਾ ਕਰ ਕੇ ਆਪਣੀ ਸੇਵਾ ਆਪ ਗੁਰਮਤਿ ਅਨੁਸਾਰ ਕਰਨ ਦਾ ਬਲ ਬਖਸ਼ਸ਼ ਕਰੋ,ਅੰਮ੍ਰਿਤ ਵੇਲੇ ਉਠਣ ਦਾ ਅਤੇ ਸੇਵਾ-ਸੰਭਾਲ ਦਾ ਬਲ ਬਖਸ਼ੋ, ਸੁਧ ਗੁਰਬਾਣੀ ਪੜ੍ਹਨ ਦਾ ਬਲ ਬਖਸ਼ੋ, ਸਵਾਸ ਸਵਾਸ ਆਪਣਾ ਪਵਿਤਰ ਨਾਮ ਸਿਮਰਨ ਬਖਸ਼ੋ। ਇਨ੍ਹਾਂ ਬੇਨਤੀਆਂ ਦੇ ਨਾਲ ਇਸ ਭਾਵ ਦੇ ਸ਼ਬਦਾਂ ਦਾ ਉਚਾਰਨ ਕਰੋ:--

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ॥
ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥
ਮਾਯਾ ਮੋਹ ਭਰਮ ਪੈ ਭੂਲੇ,
ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ,

ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥
ਇਕ ਅਰਦਾਸਿ ਭਾਟ ਕੀਰਤਿ ਕੀ,
ਗੁਰ ਰਾਮਦਾਸ ਰਾਖਹੁ ਸਰਣਾਈ ॥੪॥੫੮॥
(ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੬)

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥੨॥ ੩)
(ਮਃ ੫, ਰਾਮਕਲੀ ਕੀ ਵਾਰ, ਪੰਨਾ ੯੫੮)

ਸੋ ਸੰਜੋਗ ਕਰਹੁ ਮੇਰੇ ਪਿਆਰੇ ॥
ਜਿਤੁ ਰਸਨਾ ਹਰਿ ਨਾਮੁ ਉਚਾਰੇ ॥੧॥ (ਪੰਨਾ ੭੪੩)

ਸਤਿਗੁਰੂ ਸਚੇ ਪਾਤਿਸ਼ਾਹ ਜੀਓ, ਆਪ ਜੀ ਦਾ ਸੁਖਾਸਨ ਤਿਆਰ ਹੈ, ਆਪ ਜੀ ਆਪਣੇ ਨਿਜ ਅਸਥਾਨ ਤੇ ਬਿਰਾਜਮਾਨ ਹੋਵੋ ਤੇ ਦਾਸਾਂ ਨੂੰ ਖੁਸ਼ੀਆਂ ਬਖ਼ਸ਼ਸ਼ ਕਰੋ, ਅੰਮ੍ਰਿਤ ਵੇਲੇ ਆਪ ਜੀ ਆਪਣੇ ਪਵਿਤਰ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ।

ਨਾਨਕ ਨਾਮਿ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ॥

ਇਨ੍ਹਾਂ ਸ਼ਬਦਾਂ ਨਾਲ ਸਤਿਗੁਰੂ ਜੀ ਦੇ ਚਰਨਾਂ ਵਿਚ ਸੀਸ ਝੁਕਾਉ ਤੇ ਫਤਹ ਗਜਾਉਂਦੇ ਹੋਏ ਬਾਬਾ ਜੀ ਦੀ ਸਵਾਰੀ ਪਲੰਘ ਸਾਹਿਬ ਜਾਂ ਅਲਮਾਰੀ ਪਾਸ ਲੈ ਜਾਣ ਲਈ ਸੀਸ ਤੇ ਰੁਮਾਲਾ ਰਖ ਕੇ ਬਾਬਾ ਜੀ ਦੀ ਬੀੜ ਅਦਬ ਸਤਿਕਾਰ ਸਹਿਤ ਟਿਕਾਓ। ਪਿਛੇ ਕੋਈ ਪ੍ਰੇਮੀ ਚੌਰ ਨਾਲ ਸੇਵਾ ਕਰਦਾ ਜਾਵੇ ਤੇ ਇਸ ਸ਼ਬਦ ਦਾ ਉਚਾਰਨ ਕਰਦੇ ਹੋਏ—

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥
ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥
ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥
(ਆਸਾ ਮ: ੪ ਛੰਤ, ਪੰਨਾ ੪੫੦)

ਬਾਬਾ ਜੀ ਦੀ ਬੀੜ ਸੁਖਾਸਨ-ਅਸਥਾਨ ਤੇ ਸਤਿਕਾਰ ਸਹਿਤ ਬਿਰਾਜਮਾਨ ਕਰੋ ਤੇ ਜੈਕਾਰਾ ਗਜਾਓ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਦਰ ਸਤਿਕਾਰ, ਸ੍ਰੀ ਹਰਿਮੰਦਰ

ਸਾਹਿਬ ਦੀ ਮਰਯਾਦਾ ਦਾ ਨਮੂਨਾ ਸਾਹਮਣੇ ਰਖ ਕੇ ਕਰਨਾ-ਕਰਾਉਣਾ ਸਾਡਾ ਸਭ ਦਾ ਫਰਜ਼ ਹੈ। ਉਥੇ ਕਿਸ ਤਰ੍ਹਾਂ ਪਿਆਰ ਸਤਿਕਾਰ ਨਾਲ ਮਹਾਰਾਜ ਦੀ ਸਵਾਰੀ ਸਵੇਰੇ ਲਿਆਈ ਜਾਂਦੀ ਹੈ ਅਤੇ ਕਿਸ ਤਰ੍ਹਾਂ ਸ਼ਾਮ ਨੂੰ ਵਾਪਸ ਲਿਜਾਈ ਜਾਂਦੀ ਹੈ—ਆਦਿ।

ਦੀਵਾਨ ਦੀ ਸਮਾਪਤੀ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸਵਾਰੀ ਨੂੰ ਸੁਖ-ਆਸਨ ਸਥਾਨ ਤੇ ਪਹੁੰਚਾਇਆ ਜਾਣਾ ਜ਼ਰੂਰੀ ਹੈ। ਫਿਰ ਹੀ ਸੰਗਤ ਅਪਣੇ ਘਰਾਂ, ਕੰਮਾਂ ਕਾਰਾਂ ਨੂੰ ਜਾਵੇ। ਖ਼ਾਸ ਕਰਕੇ ਜਦੋਂ ਮਹਾਰਾਜ ਦੀ ਬੀੜ ਇਕ ਥਾਂ ਤੋਂ ਦੂਜੇ ਥਾਂ ਲੈ ਜਾਈ ਜਾਵੇ ਤਾਂ ਵਧ ਤੋਂ ਵਧ ਸੰਗਤ ਸ਼ਬਦ ਕੀਰਤਨ ਕਰਦੀ ਨਾਲ ਜਾਣੀ ਚਾਹੀਦੀ ਹੈ।

ਵਿਆਹ ਸ਼ਾਦੀਆਂ ਸਮੇਂ ਅਨੰਦ ਕਾਰਜ, ਨਾਲ ਲਗਦੇ ਗੁਰਦੁਆਰੇ ਵਿਚ ਹੀ ਕਰਵਾਉਣੇ ਚਾਹੀਦੇ ਹਨ। ਕਿਉਂ ਜੁ ਘਰ ਵਾਲੇ ਰੁਝੇਵੇਂ ਵਿਚ ਹੁੰਦੇ ਹਨ ਅਤੇ ਜਾਂਞੀਆਂ ਮਾਞੀਆਂ—ਕਿਸੇ ਨੂੰ ਵੀ ਓਦੋਂ ਇਸ ਬਾਰੇ ਬਹੁਤਾ ਖ਼ਿਆਲ ਹੀ ਨਹੀਂ ਰਹਿੰਦਾ ਕਿ ਗੁਰੂ ਬਾਬਾ ਜੀ ਦਾ ਵੀ ਸਤਿਕਾਰ ਕਰਨਾ ਜ਼ਰੂਰੀ ਹੈ; ਭਾਵੇਂ ਇਸ ਵਿਚ ਕੋਈ ਸੰਦੇਹ ਨਹੀਂ ਕਿ ਜਿੰਨਾ ਸਤਿਕਾਰ ਸਿੱਖ, ਗੁਰੂ ਗ੍ਰੰਥ ਸਾਹਿਬ ਜੀ ਦਾ ਕਰਦੇ ਹਨ ਉਨਾ ਹੋਰ ਧਰਮਾਂ ਵਾਲੇ ਆਪਣੀਆਂ ਧਾਰਮਿਕ ਪੁਸਤਕਾਂ ਦਾ ਨਹੀਂ ਕਰਦੇ।

ਇਸ ਦੇ ਨਾਲ ਨਾਲ ਸਾਨੂੰ, ਜੋ ਸਿਖਿਆ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮਿਲਦੀ ਹੈ ਉਸ ਤੇ ਤਨੋਂ ਮਨੋਂ ਅਮਲ ਕਰਨਾ ਚਾਹੀਦਾ ਹੈ। ਤਾਕਿ ਸਾਡਾ ਲੋਕ ਪ੍ਰਲੋਕ ਸੁਹੇਲਾ ਹੋਵੇ।

ਭਗਤਿ ਭੰਡਾਰ ਗੁਰਬਾਣੀ ਲਾਲ ॥ ਗਾਵਤ ਸੁਨਤ ਕਮਾਵਤ ਨਿਹਾਲ॥੨॥
ਆਸਾ ਮਃ ੫, ਪੰਨਾ ੩੭੬

---

**ਜ਼ਰੂਰੀ ਬੇਨਤੀ** :—ਪਾਠਕ ਵੀਰਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਗੁਰਬਾਣੀ ਦੇ ਅਦਬ ਸਤਿਕਾਰ ਨੂੰ ਮੁਖ ਰਖਦੇ ਹੋਏ ਇਸ ਟ੍ਰੈਕਟ ਨੂੰ ਸੰਭਾਲ ਕੇ ਰਖੋ ਤੇ ਵੱਧ ਤੋਂ ਵਧ ਸੰਗਤਾਂ ਨੂੰ ਇਸ ਸਬੰਧੀ ਪ੍ਰੇਰਨਾ ਦੇਣ ਦੀ ਕ੍ਰਿਪਾਲਤਾ ਕਰੋ ਜੀ।

# ਸਿੰਘੋ ! ਮਨਮਤਿ, ਤੋਂ ਬਚੋ

੧. ਕਿਸੇ ਮਨੁੱਖ ਦਾ ਸਤਿਗੁਰਾਂ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ ਗਦੇਲਾ, ਆਸਣ, ਕੁਰਸੀ, ਚੌਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਵਿਤਕਰੇ ਨਾਲ ਬੈਠਣਾ ਜਾਂ ਉਸ ਨੂੰ ਬਹਾਉਣਾ ਮਨਮਤਿ ਹੈ ।

੨. ਸੰਗਤ ਵਿਚ ਜਾਂ ਸਤਿਗੁਰਾਂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੇ ਪ੍ਰਕਾਸ਼ ਸਮੇਂ ਕਿਸੇ ਨੂੰ ਨੰਗੇ ਸਿਰ ਜਾਂ ਠਾਠੀ ਬੰਨ੍ਹ ਕੇ ਨਹੀਂ ਬੈਠਣਾ ਚਾਹੀਦਾ । ਸੰਗਤ ਵਿਚ ਸਿਖ ਇਸਤ੍ਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਤਿ ਵਿਰੁੱਧ ਹੈ ।

੩. ਮੰਜੀ ਸਾਹਿਬ ਦੇ ਪਾਵੇ-ਦਬਾਉਣੇ, ਪਾਵਿਆਂ ਨਾਲ ਰਖਤੀ ਬੰਨ੍ਹਣੀ ਆਦਿ ਮਨਮਤਿ ਹੈ ।

੪. ਸ਼ਾਦੀਆਂ ਦੇ ਕਾਰਡਾਂ ਤੇ ਨਾਵਾਂ ਦੇ ਨਾਲ 'ਸਿੰਘ' ਤੇ 'ਕੌਰ' ਜ਼ਰੂਰ ਲਿਖਵਾਉ । ਇਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਸ਼ ਹੈ ।

੫. ਵਿਆਹ ਸਮੇਂ ਸ਼ਰਾਬ ਪੀਣੀ ਤੇ ਭੰਗੜੇ ਪਾਉਣੇ ਅਤੇ ਲਾੜੀ ਦਾ ਲਾੜੇ ਨੂੰ ਜੈ-ਮਾਲਾ ਪਾਉਣੀ ਗੁਰਮਤਿ ਦੇ ਵਿਰੁਧ ਹੈ ।

੬. ਪੂਰਨਮਾਸ਼ੀ, ਮਸਿਆ ਤੇ ਹੋਰ ਵਰਤ ਰਖਣੇ ਮਨਮਤਿ ਹੈ ।

੭. ਸ੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ ਪਿਛੋਂ ਜੋਤਾਂ ਬਾਲ ਕੇ ਖੜੇ ਹੋ ਕੇ ਆਰਤੀ ਕਰਨਾ ਗੁਰਮਤਿ ਨਹੀਂ ਹੈ ।

੮. ਬੱਚਿਆਂ ਨੂੰ ਛੋਟੀ ਉਮਰ ਵਿਚ ਦਸਤਾਰ ਸਜਾਉਣ ਦੀ ਆਦਤ ਪਾਓ । ਜਿਹੜੇ ਬੱਚੇ ਦਾੜ੍ਹੀ ਆਉਣ ਤੇ ਵੀ ਸਿਰ ਤੇ ਰੁਮਾਲ ਬੰਨ੍ਹਦੇ ਹਨ, ਉਹ ਆਮ ਤੌਰ ਤੇ ਪੱਤਤ ਹੋ ਜਾਂਦੇ ਹਨ ।

੯. ਬੱਚਿਆਂ ਨੂੰ ਛੋਟੇ ਹੁੰਦਿਆਂ ਤੋਂ ਗੁਰਬਾਣੀ ਪੜ੍ਹਨ ਦੀ ਆਦਤ ਪਾਓ ਤੇ ਗੁਰਮੁਖੀ ਜ਼ਰੂਰ ਪੜ੍ਹਾਓ ।

੧੦. ਕੇਸਾਂ ਨੂੰ ਕੱਟਣਾ, ਸਿਰ ਅਤੇ ਦਾੜ੍ਹੇ ਨੂੰ ਰੰਗਣਾ, ਗੁਰਮਤਿ ਦੇ ਵਿਰੁਧ ਹੈ ।

੧੧. ਕਾਰਡ, ਲਿਫਾਫੇ ਤੇ ਪਤਾ ਲਿਖਣ ਲਗੇ ਕਿਸੇ ਸਿੰਘ ਨੂੰ 'ਸ੍ਰੀ' ਜਾਂ 'ਮਿਸਟਰ' ਨਾ ਲਿਖੋ, ਸਗੋਂ 'ਸਰਦਾਰ' ਲਿਖੋ । ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਨੂੰ ਸਰਦਾਰੀ ਬਖਸ਼ਸ਼ ਕੀਤੀ ਹੈ ।